# ਬਿਨੁ ਮਿਲਬੇ ਨਾਹੀ ਸੰਤੋਖਾ

ਰਾਗੁ ਕਲਿਆਨੁ ਮਹਲਾ ੫ ਘਰੁ ੧
ੴ ਸਤਿਗੁਰ ਪ੍ਰਸਾਦਿ ॥

ਇਹ ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਦੇ ਪੰਜਵੇਂ ਸਰੂਪ ਨੇ ਕਲਿਆਣ ਰਾਗ ਵਿਚ ਉਚਾਰਣ ਕੀਤਾ ਹੈ ਅਤੇ ਇਸ ਨੂੰ ਪਹਿਲੇ ਘਰ ਵਿਚ ਗਾਉਣ ਦੀ ਹਦਾਇਤ ਹੈ। ਉਪਰੰਤ, ਮੂਲ ਮੰਤਰ ਦਾ ਛੋਟਾ ਸਰੂਪ, ਮੰਗਲਾਚਰਣ ਵਜੋਂ ਅੰਕਿਤ ਹੈ।

ਹਮਾਰੈ ਏਹ ਕਿਰਪਾ ਕੀਜੈ ॥
ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥੧॥ ਰਹਾਉ ॥

ਪਾਤਸ਼ਾਹ ਜੀ ਬੇਨਤੀ ਰੂਪ ਵਿਚ ਫ਼ੁਰਮਾਣ ਕਰਦੇ ਹਨ ਕਿ ਹੇ ਵਾਹਿਗੁਰੂ ਜੀਓ! ਸਾਡੇ ਤੇ ਇਹ ਕਿਰਪਾ ਕਰੋ ਜੀ।
ਜਿਵੇਂ ਭਉਰਾ ਫ਼ੁਲਾਂ ਦੇ ਰਸ ਨੂੰ ਵਾਰ ਵਾਰ ਚੂਸਦਾ ਨਹੀਂ ਥਕਦਾ ਇਸੇ ਤਰ੍ਹਾਂ ਅਸੀਂ ਆਪ ਜੀ ਦੇ ਚਰਣ ਕੰਵਲਾਂ ਦੇ ਭਉਰੇ ਬਣ ਕੇ ਮਨ ਫ਼ਿਰ ਫ਼ਿਰ ਜੁੜ ਕੇ ਖ਼ੁਸ਼ੀ ਪ੍ਰਾਪਤ ਕਰਦਾ ਰਹੇ।੧।ਰਹਾਉ। ਸਿਮਰਣ ਹੀ ਚਰਣ ਕੰਵਲਾਂ ਵਿਚ ਜੁੜਨਾ ਹੁੰਦਾ ਹੈ। ਇਥੇ ਵਾਰ ਵਾਰ, ਭਾਵ ਹਰ ਵੇਲੇ ਸਿਮਰਨ ਕਰਣ ਦਾ ਉਪਦੇਸ਼ ਹੈ। ਪੰਨਾ ੯੩੦ ਤੇ ਵੀ ਮਹਾਰਾਜ ਨੇ ਇਹੀ ਫ਼ੁਰਮਾਣ ਕੀਤਾ ਹੈ ਕਿ ਮੈਨੂੰ ਹੁਣ ਹੋਰ ਕੁਝ ਨਹੀਂ ਭਾਉਂਦਾ, ਜਿਵੇਂ ਭਉਰਾ ਕੰਵਲ ਦੇ ਫ਼ੁਲ ਦੇ ਰਸ ਨਾਲ ਚਮੜਿਆ ਹੀ ਰਹਿੰਦਾ ਹੈ ਇਸ ਤਰ੍ਹਾਂ ਮੇਰਾ ਮਨ ਵੀ ਲਗਾਤਾਰ ਸਿਮਰਨ ਸਿਮਰਨ ਹੀ ਕਰਨ ਨੂੰ ਕਰਦਾ ਹੈ – 'ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲਿ ਮਕਰੰਦ ਕਮਲ ਜਿਉ।।'

# ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥੧॥

ਜਿਵੇਂ ਪਪੀਹੇ ਨੂੰ ਧਰਤੀ ਦੇ ਕਿਸੇ ਹੋਰ ਪਾਣੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਉਸ ਨੂੰ ਤਾਂ ਬਸ ਸਵਾਂਤੀ ਦੀ ਬੂੰਦ (ਅਕਾਸ ਤੋਂ ਡਿਗੀ ਬੂੰਦ) ਦੀ ਤਾਂਘ ਹੁੰਦੀ ਹੈ, ਇਸੇ ਤਰ੍ਹਾਂ ਹੇ ਗੁਰੂ/ਪ੍ਰਭੂ! ਮੈਨੂੰ ਤਾਂ ਹੁਣ ਹੋਰ ਕਿਸੇ ਨਾਲ ਕੋਈ ਲਗਾਅ ਨਹੀਂ ਰਿਹਾ, ਮੈਨੂੰ, ਆਪਣੇ ਪਪੀਹੇ ਨੂੰ ਤਾਂ ਆਪਣੇ ਦਰਸ਼ਨਾਂ ਦੀ ਹੀ ਸਵਾਂਤੀ ਬੂੰਦ ਬਖਸ਼।੧।

# ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ ॥੨॥੧॥

ਹੇ ਗੁਰੂ/ਪ੍ਰਭੂ ਮੈਨੂੰ ਤੇਰੇ ਮਿਲੇ ਬਗ਼ੈਰ ਕੋਈ ਸੰਤੋਖ ਨਹੀਂ ਆਉਂਦਾ, ਮੈਂ ਤਾਂ ਤੇਰੇ ਦਰਸ਼ਨਾਂ ਨਾਲ ਹੀ ਜਿਉਂਦਾ ਰਹਿ ਸਕਦਾ ਹਾਂ।੨।੧।

ਪੰਜਵੇਂ ਪਾਤਸ਼ਾਹ ੩੭੩ ਪੰਨੇ ਤੇ ਬਚਨ ਕਰਦੇ ਹਨ ਕਿ ਤੈਨੂੰ ਮਿਲੇ ਬਿਨਾਂ ਇਹ ਦਿਨ ਸੁਖਾਲਾ ਨਹੀਂ ਲੰਘਦਾ – 'ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ।।'

੪੯੮ ਪੰਨੇ ਤੇ ਵੀ ਅਜਿਹਾ ਹੀ ਵਲਵਲਾ ਹੈ ਕਿ ਤੇਰੇ ਮਿਲਾਪ ਦੀ ਮਹਿਮਾ ਮੈਂ ਬਿਆਨ ਨਹੀਂ ਕਰ ਸਕਦਾ, ਕਿਉਂਕਿ ਤੇਰੀ ਵਡਿਆਈ ਪਰੇ ਤੋਂ ਪਰੇ ਹੈ – 'ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ।।'

ਪੰਨਾ ੨੦੪ ਤੇ ਫ਼ੁਰਮਾਉਂਦੇ ਹਨ ਕਿ ਮੈਨੂੰ ਪ੍ਰਭੂ ਦੇ ਮਿਲਣ ਦੀ ਪ੍ਰੀਤ ਭਾਵ ਤਾਂਘ ਲੱਗ ਗਈ ਹੈ। ਇਸ ਲਈ ਮੈਂ ਤੇਰੇ ਚਰਣ ਪਕੜਦਾ ਹਾਂ ਕਿ ਮੈਨੂੰ ਵਡੇ ਭਾਗਾਂ ਨਾਲ ਕੋਈ ਸੰਤ ਮਿਲ ਪਵੇ ਜੋ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ ਤਾਂ ਮੈਂ ਉਨ੍ਹਾਂ ਸੰਤਾਂ ਦੇ ਅੱਗੇ ਆਪਣਾ ਤਨ ਮਨ ਧਨ, ਸੱਭ ਕੁਝ ਅਰਪਣ ਕਰ ਦਿਆਂ ਤੇ ਝਲਿਆਂ ਵਾਂਗ ਉਸਦੇ ਮਗਰ ਲਗਿਆ ਰਹਾਂ – 'ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ।। ਪਾਇ ਲਗਉ ਮੋਹਿ

ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ।।.. ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ।। ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ।।...'

ਪੰਨਾ ੯੨੮ ਤੇ – 'ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ।।'

ਮਿਲਣ ਦੀ, ਦਰਸ਼ਨਾਂ ਦੀ ਤਾਂਘ ਨਾਲ ਬਾਣੀ ਭਰਪੂਰ ਹੈ, ਕਿੰਨਾ ਕੁ ਬਿਆਨ ਕੀਤਾ ਜਾਏ...

ਜਿਸ ਨੂੰ ਅਜੇ ਮਿਲਾਪ ਦੀ ਤਾਂਘ ਨਹੀਂ ਲਗੀ, ਜਿਸਦਾ ਹਿਰਦਾ ਆਪਣੇ ਪ੍ਰੀਤਮ ਪਿਆਰੇ ਗੁਰੂ ਨੂੰ ਮਿਲਣ ਲਈ, ਉਸ ਨਾਲ ਮਿਲਾਪ ਲਈ ਨਹੀਂ ਤੜ੍ਫ਼ਦਾ, ਤਾਂ ਫ਼ਿਰ ਉਸ ਦਾ ਪ੍ਰੇਮ ਅਜੇ ਅਧੂਰਾ ਹੈ।

Last modified: 8:39 am